بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.03.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਅਸੀਂ ਅਹਮਦੀਆਂ ਦਾ ਕੰਮ ਹੈ ਕਿ ਇਸਲਾਮ ਦੀ ਸੁੰਦਰਤਾ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰੀਏ
## ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਰੱਬ ਨੇ ਇਸੇ ਲਈ ਹੀ ਭੇਜਿਆ ਹੈ ਕਿ
## ਆਪ ਨੂੰ ਸਫ਼ਲ ਕਰਨਾ ਹੈ ਅਤੇ ਇਸਲਾਮ ਹੁਣ ਆਪ ਰਾਹੀਂ ਹੀ ਫੈਲਣਾ ਹੈ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾ ਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਮਾਰਚ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕੱਲ 23 ਮਾਰਚ ਸੀ ਅਤੇ 23 ਮਾਰਚ ਜਮਾਤ ਅਹਮਦੀਆ ਦੇ ਇਤਿਹਾਸ ਵਿੱਚ ਇਕ ਬਹੁਤ ਮਹਾਨ ਦਿਨ ਹੈ ਕਿਉਂਕਿ ਇਸ ਦਿਨ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੇ ਜਮਾਤ ਅਹਮਦੀਆ ਦੀ ਬਕਾਇਦਾ ਬੈਅਤ ਰਾਹੀ ਨੀਂਹ ਰੱਖੀ । ਆਪ ਨੇ ਫ਼ਰਮਾਇਆ ਕਿ ਆਉਣ ਵਾਲਾ ਮਸੀਹ ਮੌਊਦ ਅਤੇ ਮਹਦੀ ਮਾਹੂਦ ਜਿਸ ਦੇ ਆਉਣ ਦੀ ਖ਼ਬਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਦਿੱਤੀ ਸੀ ਉਹ ਮੈਂ ਹੀ ਹਾਂ । ਆਪ ਨੇ ਫ਼ਰਮਾਇਆ ਕਿ ਮੈਂ ਇਸ ਲਈ ਭੇਜਿਆ ਗਿਆ ਹਾਂ ਤਾਂ ਜੋ ਤੌਹੀਦ (ਇਕਈਸ਼ਵਰਵਾਦ) ਦੀ ਸਥਾਪਨਾ ਕਰਕੇ ਇਲਾਹੀ ਪ੍ਰੇਮ ਲੋਕਾਂ ਦੇ ਦਿਲਾਂ ਵਿੱਚ ਪੈਦਾ ਕਰਾਂ । ਆਪ ਨੇ ਫ਼ਰਮਾਇਆ ਰੱਬ ਚਾਹੁੰਦਾ ਹੈ ਕਿ ਉਹਨਾਂ ਸਾਰੀਆਂ ਆਤਮਾਵਾਂ ਨੂੰ ਜੋ ਧਰਤੀ ਦੇ ਵੱਖ ਵੱਖ ਖੇਤਰਾਂ ਵਿੱਚ ਵਸਦੀਆਂ ਹਨ ਕੀ ਯੂਰੋਪ ਅਤੇ ਕੀ ਏਸ਼ੀਆ ਇਹਨਾਂ ਸਾਰਿਆਂ ਨੂੰ ਜੋ ਨੇਕ ਸੁਭਾਵ ਰਖੱਦੇ ਹਨ ਤੌਹੀਦ ਵੱਲ ਬੁਲਾਵਾਂ ਅਤੇ ਆਪਣੇ ਬੰਦਿਆਂ ਨੰ ਇਕ ਧਰਮ ਵਿੱਚ ਇਕਤੱਰ ਕਰੇ ਇਹੋ ਰੱਬ ਦਾ ਉਦੇਸ਼ ਹੈ ਜਿਸ ਲਈ ਮੈਂ ਦੁਨੀਆਂ ਵਿੱਚ ਭੇਜਿਆ ਗਿਆ ਹਾਂ ਸੋ ਤੁਸੀਂ ਇਸ ਉਦੇਸ਼ ਦੀ ਪੈਰ੍ਹਵੀ ਕਰੋ ਪਰ ਨਰਮੀ ਅਤੇ ਚੰਗੇ ਆਚਰਣ ਤੇ ਦੁਆਵਾਂ'ਤੇ ਜ਼ੋਰ ਦਿੰਦਿਆਂ ਹੋਇਆਂ ।

ਫਿਰ ਆਪ ਨੇ ਫ਼ਰਮਾਇਆ ਕਿ ਇਹ ਸਥਾਨ ਤੇ ਮਰਤਬਾ ਮੈਂਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਅਤੇ ਆਪ ਨਾਲ ਸੱਚੇ ਪ੍ਰੇਮ ਦੇ ਸਬਬ ਮਿਲਿਆ ਹੈ ਇਸ ਲਈ ਸਾਰੀ ਦੁਨੀਆ ਲਈ ਇਹ ਸੰਦੇਸ਼ ਹੈ ਕਿ

ਉਸ ਰਸੂਲ ਨਾਲ ਪ੍ਰੇਮ ਕਰੋ ਅਤੇ ਉਸਦੀ ਪੈਰ੍ਹਵੀ ਕਰੋ । ਇਸ ਨਾਲ ਰੱਬ ਨਾਲ ਸੰਬੰਧ ਵੀ ਬਣੇਗਾ ਅਤੇ ਵਾਸਤਵਿਕ ਇਕ ਈਸ਼ਵਰਵਾਦੀ ਵੀ ਬਣ ਸਕੋਗੇ । ਆਪ ਫ਼ਰਮਾਉਂਦੇ ਹਨ ਕਿ ਹੁਣ ਸੰਪੂਰਨ ਮਨੁਖੱਤਾ ਲਈ ਹੁਣ ਕੋਈ ਰਸੂਲ ਅਤੇ ਸਫ਼ਰਸ਼ੀ ਨਹੀਂ ਪਰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ । ਸੋ, ਜਤਨ ਕਰੋ ਕਿ ਸਚੱਾ ਪ੍ਰੇਮ ਉਸ ਜਾਹੋ ਜਲਾਲ ਵਾਲੇ ਨਬੀ ਨਾਲ ਕਰੋ ਅਤੇ ਉਸਦੀ ਪੈਰ੍ਹਵੀ ਕਰੋ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਕਿਸੇ ਪ੍ਰਕਾਰ ਦੀ ਵੱਡਿਆਈ ਨ ਦਿਓ ਤਾਂ ਜੋ ਆਕਾਸ਼'ਤੇ ਤੁਸੀਂ ਮੁਕਤੀ ਪ੍ਰਾਪਤ ਲਿਖੇ ਜਾਓ ਅਤੇ ਚੇਤੇ ਰੱਖੋ ਮੁਕਤੀ ਉਹ ਚੀਜ਼ ਨਹੀਂ ਜੋ ਮਰਨ ਦੇ ਬਾਦ ਪ੍ਰਕਟ ਹੋਵੇਗੀ ਸਗੋ ਵਾਸਤਵ ਵਿੱਚ ਮੁਕਤੀ ਉਹ ਚੀਜ਼ ਹੈ ਕਿ ਇਸ ਦੁਨੀਆ ਵਿੱਚ ਆਪਣਾ ਚਾਨ੍ਹਣਾ ਦਿਖਾਉਂਦੀ ਹੈ । ਮੁਕਤੀ ਪ੍ਰਾਪਤ ਕੌਣ ਹੈ ? ਉਹ ਜੋ ਵਿਸ਼ਵਾਸ ਰਖੱਦਾ ਹੈ ਕਿ ਰੱਬ ਸੱਚ ਹੈ ਅਤੇ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਉਸ ਵਿੱਚ ਅਤੇ ਸਾਰੀ ਮਖ਼ਲੂਕ ਵਿੱਚ ਕੇਂਦਰੀ ਸ਼ਫ਼ਾਰਸ਼ੀ ਹਨ ਅਤੇ ਅਕਾਸ਼ ਹੇਠ ਨ ਉਸ ਦੇ ਮਰਤਬੇ ਬਰਾਬਰ ਕੋਈ ਹੋਰ ਰਸੂਲ ਹੈ ਅਤੇ ਨ ਕੁਰਆਨ ਕਰੀਮ ਦੇ ਮਰਤਬੇ ਦੇ ਬਰਾਬਰ ਕੋਈ ਹੋਰ ਕਿਤਾਬ ਹੈ ਅਤੇ ਕਿਸੇ ਲਈ ਰੱਬ ਨੇ ਨਹੀਂ ਚਾਹਿਆ ਕਿ ਉਹ ਹਮੇਸ਼ਾ ਜੀਉਂਦਾ ਰਹੇ ਪਰ ਇਹ ਵੱਡਿਆਈ ਵਾਲਾ ਨਬੀ ਹਮੇਸ਼ਾ ਲਈ ਜੀਉਂਦਾ ਹੈ ।

ਇਹ ਉਹ ਅਸਥਾਨ ਤੇ ਪ੍ਰੇਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਜਿਸ ਦਾ ਆਪ ਨੇ ਹਮੇਸ਼ਾ ਭਰਪੂਰ ਪ੍ਰਗਟਾਵਾ ਕੀਤਾ । ਅਤੇ ਆਪਣੇ ਮੰਨ੍ਹਣ ਵਾਲਿਆਂ ਨੂੰ ਵੀ ਇਸ ਗੱਲ ਦਾ ਨਿਰਦੇਸ਼ ਦਿੱਤਾ ਕਿ ਉਹ ਇਸ ਪ੍ਰੇਮ ਤੇ ਅਸਥਾਨ ਨੂੰ ਅਪਣੇ ਸਾਹਮਣੇ ਰਖੱਣ । ਅਤਿਆਚਾਰੀ ਹਨ ਉਹ ਲੋਕ ਜੋ ਕਹਿੰਦੇ ਹਨ ਕਿਅਹਮਦੀ ਨਊਜ਼ਬਿਲੱਾਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਥਾਨ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਸਥਾਨ ਨੂੰ ਘੱਟ ਕਰਦੇ ਹਨ ਅਤੇ ਅੱਜ ਕੱਲ ਅਲਜੀਰੀਆ ਵਿੱਚ ਵੀ ਅਹਮਦੀਆਂ ਉਪੱਰ ਇਹ ਆਰੋਪ ਲਾਇਆ ਜਾ ਰਿਹਾ ਹੈ ਅਤੇ ਆਰੋਪ ਲਾਕੇ ਉਹਨਾਂ ਨੂੰ ਜੇਲਾਂ ਵਿੱਚ ਪਾਇਆ ਜਾ ਰਿਹਾ ਹੈ । ਇਥੋਂ ਤੱਕ ਕਿ ਹੁਣ ਇਸਤਰੀਆਂ ਉਪੱਰ ਵੀ ਉਹਨਾਂ ਨੇ ਹੱਥ ਪਾਉਣਾ ਸ਼ੁਰੂ ਕਰ ਦਿੱਤਾ ਹੈ, ਉਹਨਾਂ'ਤੇ ਮੁਕਦੱਮੇ ਬਣਾਏ ਜਾ ਰਹੇ ਹਨ ਪਰ ਇਸਤਰੀਆਂ ਵੀ ਇਹੋ ਸੰਦੇਸ਼ ਭੇਜ ਰਹੀਆਂ ਹਨ ਮੈਨੂੰ ਕਿ ਮਸੀਹ ਮੌਊਦ ਨੂੰ ਮੰਨ੍ਹਿਆ ਹੈ ਅਸੀਂ ਅਤੇ ਉਸ ਨੂੰ ਮੰਨ੍ਹਣ ਦੇ ਬਾਦ ਹੀ ਸਾਨੂੰ ਵਾਸਤਵਿਕ ਤੌਹੀਦ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮੁਕਾਮ ਤੇ ਮਰਤਬੇ ਅਤੇ ਆਪ ਦੇ ਸੱਚੇ ਪ੍ਰੇਮ ਦੀ ਵਾਸਤਵਿਕਤਾ ਪਤਾ ਲੱਗੀ ਹੈ । ਅਸੀਂ ਕਿਵੇਂ ਆਪਣੇ ਇਮਾਨ ਤੋਂ ਪਿੱਛੇ ਹੱਟ ਸਕਦੀਆਂ ਹਨ । ਜਿਥੇ ਅਸੀਂ ਇਹ ਦੁਆ ਕਰਦੇ ਹਾਂ ਕਿ ਰੱਬ ਇਹਨਾ ਅਹਮਦੀਆਂ ਲਈ ਆਸਾਨੀਆਂ ਪੈਦਾ ਰਕੇ ਓਥੇ ਸਾਡੀ ਇਹ ਵੀ ਦੁਆ ਹੈ ਕਿ ਅਲੱਾਹ ਤਆਲਾ ਮੁਸਲਮਾਨਾ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਪ੍ਰੇਮੀ ਨੂੰ ਮਨ੍ਹਣ ਦੀ ਤੌਫ਼ੀਕ ਦੇਵੇ । ਉਹ ਜੋ ਰੱਬ ਦੇ ਵਾਦਿਆਂ ਅਨੁਸਾਰ ਤੌਹੀਦ ਦੀ ਸਥਾਪਨਾ ਲਈ ਅਤੇ ਇਸਲਾਮ ਦੇ ਪੁਨਰਉਥੱਾਨ ਲਈ ਆਇਆ ਸੀ । ਰੱਬ ਨਾਲ ਪ੍ਰੇਮ ਤੇ ਤੌਹੀਦ ਦੀ ਸਥਾਪਨਾ ਲਈ ਆਪ ਦੀ ਇਕ ਤੜਪ ਦੀ ਇਕ ਝਲਕੀ ਆਪ ਦੇ ਸ਼ਬਦਾਂ ਵਿੱਚ ਇਉਂ ਮਿਲਦੀ ਹੈ । ਆਪ ਰੱਬ ਨੂੰ ਸੰਬੋਧਨ ਕਰਕੇ ਇਉਂ ਫ਼ਰਮਾਉਂਦੇ ਹਨ ਕਿ : ਦੇਖ ਮੇਰੀ ਆਤਮਾ ਅਤਿਅੰਤ ਵਿਸ਼ਵਾਸ ਨਾਲ ਤੇਰੇ ਵੱਲ ਇਕ ਅਜਿਹੀ ਉਡਾਰੀ ਮਾਰ ਰਹੀ ਹੈ ਜਿਵੇਂ ਇਕ ਪੰਛੀ ਆਪਣੇ ਆਲ੍ਹਣੇ ਵੱਲ ਆਉਂਦਾ ਹੈ, ਸੋ ਮੈਂ ਤੇਰੀ ਕੁਦਰਤ ਦੇ ਚਮਤਕਾਰ ਦਾ ਇਛੁੱਕ ਹਾਂ ਪਰ ਨ ਆਪਣੇ ਲਈ ਅਤੇ ਨ ਹੀ ਆਪਣੇ ਸਨਮਾਨ ਲਈ ਸਗੋਂ ਇਸ ਲਈ ਕਿ ਲੋਕ ਤੈਨੂੰ ਪਛਾਨਣ ਅਤੇ ਤੇਰੇ ਪਵਿੱਤਰ ਮਾਰਗਾਂ ਨੂੰ ਧਾਰਣ ਕਰਨ ਅਤੇ ਜਿਸ ਨੂੰ ਤੂੰ ਭੇਜਿਆ ਹੈ ਉਸ ਨੂੰ ਝੁਠਿਆਂ ਕਰਕੇ ਸੁਮਾਰਗ ਤੋਂ ਦੂਰ ਜਾ ਪੈਣ । ਮੈਂ ਗਵਾਹੀ ਦਿੰਦਾ ਹਾਂ ਕਿ ਤੂੰ ਮੈਨੂੰ ਭੇਜਿਆ ਹੈ ਅਤੇ ਮੇਰੇ ਪੱਖ ਵਿੱਚ ਵੱਡੇ ਵੱਡੇ ਚਮਤਕਾਰ ਪ੍ਰਕਟ ਕੀਤੇ ਹਨ ਏਥੋਂ ਤੱਕ ਕਿ ਸੂਰਜ ਤੇ ਚੰਨ੍ਹ ਨੂੰ ਆਦੇਸ਼ ਦਿੱਤਾ ਕਿ ਉਹ ਰਮਜ਼ਾਨ ਵਿੱਚ ਭਵਿੱਖਬਾਣੀਆਂ ਦੀ ਮਿਤੀਆਂ ਅਨੁਸਾਰ ਗ੍ਰਹਿਣ ਵਿੱਚ ਆਉਂਣ । ਮੈਂ ਤੈਨੂੰ ਪਛਾਣਦਾ ਹਾਂ ਕਿ ਤੂੰ ਮੇਰਾ ਰੱਬ ਹੈਂ ਅਤੇ ਇਸ ਲਈ ਮੇਰੀ ਆਤਮਾ ਤੇਰੇ ਨਾਂ

ਨਾਲ ਅਜਿਹੀ ਉਛਲਦੀ ਹੈ ਜਿਵੇਂ ਦੁੱਧ ਪੀਂਦਾ ਬੱਚਾ ਮਾਂ ਨੂੰ ਦੇਖਣ ਨਾਲ । ਪਰ ਬਹੁਤੇ ਲੋਕਾਂ ਨੇ ਮੈਨੂੰ ਨਹੀਂ ਪਛਾਣਿਆਂ ਅਤੇ ਨ ਕੁਬੂਲਕੀਤਾ । ਇਸ ਗੱਲ ਨਾਲ ਜਿੱਥੇ ਆਪ ਅਲੈਹਿ ਸਲਾਮ ਦੀ ਰੱਬ ਨਾਲ ਪ੍ਰੇਮ ਅਤੇ ਉਸਦਾ ਸਨਮਾਨ ਸਥਾਪਨ ਕਰਨ ਦੀ ਤੜਪ ਆਪ ਵਿੱਚ ਦਿਖਾਈ ਦਿੰਦੀ ਹੈ ਓਥੇ ਮਨੁਖੱਤਾ ਨੂੰ ਬਚਾਉਣ ਲਈ ਬੇਚੈਨੀ ਦਾ ਵੀ ਅਤਿ ਪ੍ਰਗਟਾਵਾ ਦਿਖਾਈ ਦਿੰਦਾ ਹੈ । ਆਪ ਨੂੰ ਕਿੰਨ੍ਹੀ ਤੜਪ ਸੀ ਕਿ ਇਹ ਰੱਬ ਨਾਲ ਇਸ਼ਕ ਤੇ ਪ੍ਰੇਮ ਦੀ ਚਿੰਗਿਆੜੀ ਦੂਜਿਆਂ ਦੇ ਦਿਲਾਂ ਵਿੱਚ ਵੀ ਪੈਦਾ ਹੋ ਜਾਵੇ । ਇਸ ਬਾਰੇ ਆਪ ਫ਼ਰਮਾਉਂਦੇ ਹਨ :

''ਕਿੰਨ੍ਹਾ ਹੀ ਬੇਨਸੀਬਾ ਹੈ ਉਹ ਮਨੁੱਖ ਜਿਸ ਨੂੰ ਹੁਣ ਤੱਕ ਇਹ ਨਹੀਂ ਪਤਾ, ਜਿਸ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਉਸਦਾ ਇਕ ਰੱਬ ਹੈ ਜੋ ਹਰ ਚੀਜ ਉਪੱਰ ਕਾਦਰ ਹੈ ਸਾਡਾ ਸਵਰਗ ਸਾਡਾ ਰੱਬ ਹੈ, ਸਾਡੇ ਸਾਰੇ ਆਨੰਦ ਸਾਡੇ ਰੱਬ ਵਿੱਚ ਹਨ ਕਿਉਂਕਿ ਅਸੀਂ ਉਸ ਨੂੰ ਦੇਖਿਆ ਹੈ ਅਤੇ ਹਰ ਇਕ ਸੁੰਦਰਤਾ ਉਸ ਵਿੱਚ ਹੈ । ਇਹ ਦੌਲਤ ਲੈਂਣ ਯੋਗ ਹੈ ਜੇਕਰ ਜਾਨ ਦੇਣ ਨਾਲ ਮਿਲੇ ਅਤੇ ਇਹ ਅਨਮੋਲ ਲਾਲ ਖ਼ਰੀਦਣ ਯੋਗ ਹੈ ਜੇਕਰ ਸਾਰਾ ਵੁਜੂਦ ਗਵਾਕੇ ਪ੍ਰਾਪਤ ਹੋਵੇ । ਹੇ, ਮਹਿਰੂਮੋ (ਵਾਂਜੇਰਹਿਜਾਣਵਾਲਿਓ) ! ਇਸ ਸੋਮੇ ਵੱਲ ਦੌੜੋ ਕਿ ਉਹ ਤੁਹਾਨੂੰ ਰਜਾ ਦੇਵੇਗਾ, ਇਹ ਜੀਵਨ ਦਾ ਸੋਮਾ ਹੈ ਜੋ ਤੁਹਾਨੂੰ ਬਚਾਏਗਾ । ਮੈਂ ਕੀ ਕਰਾਂ ਅਤੇ ਕਿਵੇਂ ਇਸ ਖ਼ੁਸ਼ਖ਼ਬਰੀ ਨੂੰ ਲੋਕਾਂ ਦੇ ਦਿਲਾਂ ਵਿੱਚ ਬਿਠਾ ਦਿਆਂ । ਕਿਹੜੀ ਡਫ਼ਲੀ ਨਾਲ ਮੈਂ ਬਾਜ਼ਾਰਾਂ ਵਿਚ ਘੋਸ਼ਣਾ ਕਰਾਂ ਕਿ ਤੁਹਾਡਾ ਇਹ ਰੱਬ ਹੈ ਤਾਂ ਜੋ ਲੋਕ ਸੁਣ ਲੈਂਣ ਅਤੇ ਕਿਹੜੀ ਦਵਾਈ ਨਾਲ ਇਲਾਜ ਕਰਾਂ ਤਾਂ ਸੁਨਣ ਵਾਲਿਆਂ ਨੇ ਕੰਨ੍ਹ ਖੁੱਲ ਜਾਣ।

ਸੋ, ਕਿੰਨ੍ਹਾ ਦਰਦ ਹੈ ਇਹਨਾਂ ਸ਼ਬਦਾਂ ਦੀ ਤਹਿ ਵਿੱਚ ਸਗੋਂ ਕਹਿਣਾ ਚਾਹੀਦਾ ਹੈ ਕਿ ਹਰ ਸ਼ਬਦ ਵਿੱਚ ਦਰਦ ਦੇ ਅਨੇਕਾਂ ਪੱਖ ਲੁਕੇ ਹੋਏ ਹਨ, ਹਰ ਸ਼ਬਦ ਦੀਆਂ ਕਈ ਪਰਤਾਂ ਹਨ ਅਤੇ ਹਰ ਪਰਤ ਵਿੱਚ ਦਰਦ ਹੈ ਅਤੇ ਇਹਨਾਂ ਦੀ ਡੂੰਘਿਆਈ ਵਿੱਚ ਹਰ ਕੋਈ ਆਪਣੀ ਸਮਝ ਤੇ ਵਿਚਾਰ ਦੇ ਪੱਖੋਂ ਜਾ ਸਕਦਾ ਹੈ ।

ਆਪ ਫ਼ਰਮਾਉਂਦੇ ਹਨ ਕਿ ਜੇਕਰ ਰੱਬ ਦੇ ਹੋ ਜਾਓਗੇ ਤਾਂ ਯਕੀਨ ਜਾਣੋ ਕਿ ਰੱਬ ਤੁਹਾਡਾ ਹੀ ਹੈ ਤੁਸੀਂ ਸੁੱਤੇ ਹੋਵੋਗੇ ਅਤੇ ਰੱਬ ਤੁਹਾਡੇ ਲਈ ਜਾਗੇਗਾ ਤੁਸੀਂ ਦੁਸ਼ਮਣ ਤੋਂ ਗ਼ਾਫ਼ਲ ਹੋਵੋਗੇ ਅਤੇ ਰੱਬ ਉਸ ਨੂੰ ਦੇਖੇਗਾ ਅਤੇ ਉਸਦੇ ਮਨਸੂਬਿਆਂ ਨੂੰ ਤੋੜ ਦੇਵੇਗਾ । ਤੁਸੀਂ ਹੁਣ ਤੱਕ ਨਹੀਂ ਜਾਣਦੇ ਕਿ ਤੁਹਾਡੇ ਰੱਬ ਰੱਬ ਵਿੱਚ ਕੀ ਕੀ ਸ਼ਕਤੀਆਂ ਹਨ ਅਤੇ ਜੇਕਰ ਤੁਸੀਂ ਜਾਣਦੇ ਹੁੰਦੇ ਤਾਂ ਤੁਹਾਡੇ'ਤੇ ਕੋਈ ਅਜਿਹਾ ਦਿਨ ਨਹੀਂ ਆਉਂਦਾ ਕਿ ਤੁਸੀਂ ਦੁਨੀਆ ਲਈ ਸਖ਼ਤਦੁਖੀ ਹੋ ਜਾਂਦੇ । ਸੋ, ਇਹ ਸੰਬੰਧ ਹੈ ਰੱਬ ਨਾਲ ਜਿਸ ਨੂੰ ਅਸੀਂ ਹਾਸਲ ਕਰਨਾ ਹੈ ਅਤੇ ਸਥਾਪਨ ਕਰਨਾ ਹੈ ਜੋ ਆਪ ਆਪਣੇ ਮੰਨ੍ਹਣ ਵਾਲਿਆਂ ਤੋਂ ਚਾਹੁੰਦੇ ਹਨ ਕਿ ਇਹ ਮਿਆਰ ਪ੍ਰਾਪਤ ਹੋਣ । ਫ਼ਰਮਾਇਆ ਕਿ ਜੇਕਰ ਤੁਹਾਡੀ ਅੱਖ ਹੋਵੇ ਤਾਂ ਨਜ਼ਰ ਆਜਾਵੇਕਿ ਰੱਬ ਹੀ ਰੱਬ ਹੈ ਅਤੇ ਬਾਕੀ ਸਭ ਤੁੱਛ ਹੈ ।

ਤੌਹੀਦ ਦੀ ਸਥਪਨਾ ਅਤੇ ਇਸਲਾਮ ਦੇ ਪੁਨਰਉਥੱਾਨ ਦਾ ਕੰਮ ਆਪ ਅਲੈਹਿ ਸਲਾਮ ਨੂੰ ਹਜ਼ਰਤ ਮੁਹਮੱਦ ਸਲੱਲਹੁ ਅਲੈਹਿ ਵਸਲਮ ਦੀ ਪੈਰ੍ਹਵੀ ਅਤੇ ਆਪ ਨਾਲ ਸੱਚੇ ਪ੍ਰੇਮ ਕਰਕੇ ਮਿਲਿਆ ਹੈ ਇਹ ਇਸ਼ਕ ਤੇ ਪ੍ਰੇਮ ਦੇ ਦ੍ਰਿਸ਼ ਸਾਨੂੰ ਆਪਦੇ ਵੁਜੂਦ ਵਿੱਚ ਕਿਵੇਂ ਦਿਖਾਈ ਦਿੰਦੇ ਹਨ ਇਸ ਦੀਆਂ ਅਨੇਕਾਂ ਗਲੱਾਂ ਤੇ ਘਟਨਾਵਾਂ ਹਨ ।

ਇਕ ਥਾਂ ਇਸਲਾਮ ਵਿਰੋਧੀਦੀਆਂ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਦੇ ਵਿਅਕਤੀਤਵ ਉਪੱਰ ਹਾਸਾ ਠਠੱਾ ਕਰਨ ਦੀਆਂ ਗਲੱਾਂ ਸੁਣਕੇ ਆਪਣੀ ਮਾਨਸਕ ਅਵਸਥਾ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਮੇਰੇ ਮਨ ਨੂੰ ਕਦੇ ਕਿਸੇ ਗੱਲ ਨੇ ਐਨ੍ਹਾ ਦੁਖੀ ਨਹੀਂ ਕੀਤਾ ਜਿੰਨ੍ਹਾ ਕਿ ਇਹਨਾਂ ਲੋਕਾਂ ਦੇ ਹਾਸੇ ਠੱਠੇ ਨੇ ਪਹੁੰਚਾਇਆ ਹੈ ਜੋ ਉਹ ਸਾਡੇ ਰਸੂਲੇ ਪਾਕ ਸਲਲੱਾਹੁ ਅਲੈਹਿ ਵਸਲਮ ਦੀ ਸ਼ਾਨ ਵਿੱਚ ਕਰਦੇ ਰਹਿੰਦੇ ਹਨ । ਇਹਨਾਂ ਦੇ ਦਿਲ ਦੁਖਾਉ ਤਾਹਨੇ ਮਿਹਣੇ ਜੋ ਉਹ ਮਨੁਖੱਾਂ ਦੇ ਹਿਤੈਸ਼ੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਵੁਜੂਦ ਤੇ

ਗੁਣਾ ਵਿਰੁਧ ਕਰਦੇ ਹਨ, ਮੇਰੇ ਦਿਲ ਨੂੰ ਅਤਿਅੰਤ ਘਾਇਲ ਕਰ ਰੱਖਿਆ ਹੈ । ਰੱਬ ਦੀ ਸਹੁੰ ਜੇਕਰ ਮੇਰੀ ਸਾਰੀ ਸੰਤਾਨ ਅਤੇ ਸੰਤਾਨ ਦੀ ਸੰਤਾਨ ਅਤੇ ਮੇਰੇ ਸਾਰੇ ਮਿਤੱਰ ਅਤੇ ਮੇਰੇ ਸਾਰੇ ਸਹਮਾਇਕ ਮੇਰੀ ਅੱਖਾਂ ਸਹਮਣੇ ਮਾਰ ਦਿੱਤੇ ਜਾਣ ਅਤੇ ਮੇਰੇ ਆਪਨੇ ਹੱਥ ਪੈਰ੍ਹ ਕੱਟ ਦਿੱਤੇ ਜਾਣ ਅਤੇ ਮੇਰੀਆਂ ਅਖੱਾਂ ਦੀ ਪੁਤਲੀ ਕਢੱਕੇ ਸੁਟ ਦਿੱਤੀ ਜਾਵੇ ਅਤੇ ਮੈਂ ਆਪਣੀਆਂ ਸਾਰੀਆਂ ਆਸਾਂ ਤੋਂ ਵਾਂਝਿਆਂ ਕਰ ਦਿੱਤਾ ਜਾਵਾਂ ਅਤੇ ਆਪਣੀਆਂ ਸਾਰੀਆਂ ਸਹੂਲਤਾਂ ਨੂੰ ਗਵਾ ਬੈਠਾਂ ਤਾਂ ਇਹਨਾਂ ਸਾਰੀਆਂ ਗਲੱਾਂ ਦੇ ਟਾਕਰੇ'ਤੇ ਮੇਰੇ ਲਈ ਇਹ ਦੁੱਖ ਬਹੁਤਾ ਭਾਰੀ ਹੈ ਕਿ ਰਸੂਲੇ ਕਰੀਮ ਸਲਲੱਾਹੁਅਲੈਹਿ ਵਸਲਮ ਉਪੱਰ ਅਜਿਹੇ ਨਾਪਾਕ ਹਮਲੇ ਕੀਤੇ ਜਾਣ ।

ਕੀ ਕੋਈ ਹੈ ਜੋ ਇਸ ਪ੍ਰਕਾਰ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਸਕੇ । ਇਸ਼ਕ ਤੇ ਪ੍ਰੇਮ ਦਾ ਦਾਵਾ ਕਰਨ ਵਾਲੇ ਤਾਂ ਬਹੁਤ ਹਨ 'ਨਾਮੂਸੇ ਰਸਾਲਤ' ਤੇ 'ਖ਼ਤਮੇ ਨਬੁਵੱਤ' ਦੇ ਨਾਂ'ਤੇ ਫਿਤਨੇ ਫ਼ਸਾਦ ਅਤੇ ਮਾਰਧਾੜ ਕਰਨ ਵਾਲੇ ਤਾਂ ਬਹੁਤ ਲੋਕ ਹਨ ਪਰ ਕੀ ਜਤਨ ਕੀਤੇ ਹਨ ਇਹਨਾਂ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਸਥਾਨ ਨੂੰ ਦੁਨੀਆਂ ਤੋਂ ਮਨਵਾਉਣ ਲਈ ਅਤੇ ਇਸਲਾਮ ਤੇ ਕੁਰਆਨ ਕਰੀਮ ਨੂੰ ਦੁਨੀਆ ਵਿੱਚ ਫੈਲਾਉਣ ਲਈ । ਆਪ ਦੇ ਸ਼ਬਦ ਕੇਵਲ ਮੂੰਹ ਦਾ ਦਾਵਾ ਨਹੀਂ ਹਨ ਸਗੋਂ ਆਪ ਦੇ ਨਾਲ ਸੰਬੰਧ ਰਖੱਣ ਵਾਲੇ ਵੀ ਅਤੇ ਬਿਗਾਨੇ ਵੀ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਆਪ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਇਸ਼ਕ ਤੇ ਪ੍ਰੇਮ ਦਾ ਪ੍ਰਗਟਾਵਾ ਆਪ ਦੇ ਦਿਲ ਦੀ ਆਵਾਜ਼ ਤੇ ਆਪ ਦੇ ਹਰ ਕਰਮ ਤੋਂ ਸਾਬਤ ਹੁੰਦਾ ਹੈ ।

ਸੋ, ਇਹ ਸਭ ਕੁਝ ਜੋ ਆਪ ਨੇ ਕੀਤਾ, ਇਸਲਾਮ ਨੂੰ ਰੱਬ ਦਾ ਅਖੀਰਲਾ ਧਰਮ ਅਤੇ ਕਾਮਲ ਤੇ ਸੰਪੂਰਨ ਧਰਮ ਸਾਬਤ ਕਰਨ ਲਈ ਕੀਤਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪ੍ਰੇਮ ਕਰਕੇ ਕੀਤਾ, ਆਪ ਦੇ ਮੁਕਾਮ ਦਾ ਲੋਹਾ ਮਨਵਾਉਣ ਲਈ ਕੀਤਾ, ਦੁਨੀਆਂ ਨੂੰ ਦਸੱਣ ਲਈ ਕੀਤਾ ਕਿ ਆਪ ਹੀ ਦਾ ਅਸਲ ਅਸਥਾਨ ਹੈ । ਸਾਰੀ ਦੁਨੀਆ ਨੂੰ ਅਤੇ ਦੁਨੀਆ ਦੇ ਧਰਮਾ'ਤੇ ਉਪੱਰ ਸਪਸ਼ਟ ਕੀਤਾ ਕਿ ਮੁਹਮੱਦ ਦੇ ਧਰਮ ਜਿਹਾ ਹੋਰ ਕੋਈ ਧਰਮ ਨਹੀਂ ਹੈ । ਇਤਰਾਜ਼ ਕਰਨ ਵਾਲੇ ਨੇ ਆਪ ਦੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਇਸ਼ਕ ਤੇ ਪ੍ਰੇਮ ਦੇ ਪ੍ਰਗਟਾਵੇ ਨੂੰ ਪੜ੍ਹਨ ਤਾਂ ਸਹੀ, ਉਸ'ਤੇ ਗ਼ੌਰ ਤਾਂ ਕਰਨ ਐਵੇਂ ਹੀ ਇਤਰਾਜ਼ ਕਰਨਾ ਤਾਂ ਮੂਰਖਤਾ ਦੀ ਨਿਸ਼ਾਨੀ ਹੈ । ਆਪ ਇਕ ਵਫ਼ਾਦਾਰ ਚੇਲੇ ਅਤੇ ਇਸ ਉਪਕਾਰੀ ਸੇਵਕ ਵਾਂਗ ਹਮੇਸ਼ਾ ਫ਼ਰਮਾਉਂਦੇ ਸਨ ਕਿ ਇਹ ਸਭ ਕੁਝ ਮੈਂਨੂੰ ਮੇਰੇ ਆਕਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਤੁਫ਼ੈਲ ਅਤੇ ਆਪ ਜੀ ਦੀ ਪੈਰ੍ਹਵੀ ਕਰਨ ਨਾਲ ਹੀ ਮਿਲਿਆ ਹੈ । ਸੋ, ਇਸ ਦਾ ਪ੍ਰਗਟਵਾ ਕਰਦਿਆਂ ਹੋਇਆਂ ਆਪ ਇਕ ਥਾਂ ਫ਼ਰਮਾਉਂਦੇ ਹਨ ਕਿ ਜੇਕਰ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਉਮੱਤ ਨ ਹੂੰਦਾ ਅਤੇ ਆਪ ਦੀ ਪੈਰ੍ਹਵੀ ਨ ਕਰਦਾ ਤਾਂ ਜੇਕਰ ਦੁਨੀਆ ਦੇ ਸਾਰੇ ਪਹਾੜਾਂ ਬਰਾਬਰ ਵੀ ਮੇਰੇ ਕਰਮ ਹੁੰਦੇ ਤਾਂ ਫਿਰ ਵੀ ਕਦੇ ਇਹ ਇਲਾਹੀ ਕਲਾਮ ਤੇ ਸੰਬੋਧਨ ਦਾ ਸਨਮਾਨ ਨ ਪ੍ਰਾਪਤ ਕਰਦਾ ।

ਇਹ ਗਲੱਾਂ ਸੁਣਕੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਇਤਰਾਜ਼ ਕਰਦਾ ਹੈ ਉਹ ਜ਼ਾਲਮ ਤੇ ਜਾਹਲ ਹੈ ਅਤੇ ਫ਼ਸਾਦ ਮਰਾਉਣ ਵਾਲਾ ਹੈ ਇਸ ਤੋਂ ਬਿਨਾ ਹੋਰ ਕੁਝ ਨਹੀਂ ਕਿਹਾ ਜਾ ਸਕਦਾ । ਉਹਨਾਂ ਦਾ ਮਾਮਲਾ ਹੁਣ ਰੱਬ'ਤੇ ਹੈ, ਇਹ ਜੋ ਵੱਡੇ ਵੱਡੇ ਓਲਮਾ (ਮੌਲਵੀ) ਬਣੇ ਫਿਰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਵਤਾਰ ਹੋਣ ਦਾ ਉਦੇਸ਼ ਜਿੱਥੇ ਤਾਂ ਤੌਹੀਦ ਦੀ ਸਥਾਪਨਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਸਥਨ ਤੇ ਮਰਤਬੇ ਨੂੰ ਪ੍ਰਤੱਖ ਕਰਕੇ ਦੁਨੀਆ ਨੂੰ ਆਪਦੇ ਝੰਡੇ ਹੇਠ ਲਿਆਉਣਾ ਸੀ ਓਥੇ 'ਹਕੂਕੁਲ ਇਬਾਦ' (ਪ੍ਰਕ੍ਰਿਤੀ ਦੇ ਅਧਿਕਾਰ) ਦੀ ਅਦਾਇਗੀ ਅਤੇ ਰੱਬ ਦੀ ਮਖ਼ਲੂਕ'ਤੇ ਮਿਹਰ ਦਾ ਲਾਗੂ ਕਰਾਉਣਾ ਅਤੇ ਉਸ'ਤੇ ਅਮਲ ਕਰਾਉਣਾ

ਵੀ ਸੀ । ਸੋ, ਆਪਨੇ ਬੈਅਤ ਦੀਆਂ ਸ਼ਰਤਾ ਵਿੱਚ ਇਹ ਵੀ ਸ਼ਰਤ ਰੱਖੀ । ਸ਼ਰਤ ਨੰਬਰ 4 ਵਿੱਚ ਹੈ ਕਿ ਸਾਧਾਰਣਤਾ ਸਾਰੀ ਮਖ਼ਲੂਕ ਤੇ ਵਿਸ਼ੇਸ ਕਰਕੇ ਮੁਸਲਮਾਨਾ ਨੂੰ ਆਪਣੇ ਭੌਤਕ ਜੋਸ਼ ਕਰਕੇ ਕਿਸੇ ਪ੍ਰਕਾਰ ਦਾ ਅਣਉਚਿਤ ਕਸ਼ਟ ਨਹੀਂ ਦੇਵੇਗਾ । ਫਿਰ ਨੌਵੀਂ ਸ਼ਰਤ ਹੈ ਕਿ ਸਧਾਰਣਤਾ ਰੱਬ ਦੀ ਮਖ਼ਲੂਕ ਲਈ ਆਮ ਕਰਕੇ ਕੇਵਲ ਰੱਬ ਖ਼ਾਤਰ ਹਮਦਰਦੀ ਵਿੱਚ ਲੱਗਿਆ ਰਹੇਗਾ ਅਤੇ ਜਿੱਥੋਂ ਤੱਕ ਵੱਸ ਚੱਲ ਸਕਦਾ ਹੈ ਆਪ ਰੱਬ ਦੀਆਂ ਦਿੱਤੀਆਂ ਤਾਕਤਾਂ ਅਤੇ ਨੇਮਤਾਂ ਨਾਲ ਮਾਨਵਤਾ ਨੂੰ ਲਾਭ ਪਹੁੰਚਾਏਗਾ । ਸੋ, ਇਸ ਅਨੁਸਾਰ ਇਸਲਾਮੀ ਸਿੱਖਿਆ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ :

ਕਿ ਧਰਮ ਦੇ ਦੋ ਹੀ ਭਾਗ ਹਨ ਇਕ ਰੱਬ ਨਾਲ ਪ੍ਰੇਮ ਕਰਨਾ ਅਤੇ ਇਕ ਉਸ ਦੀ ਕੁਦਰਤ ਨਾਲ ਐਨ੍ਹਾ ਪ੍ਰੇਮ ਕਰਨਾ ਕਿ ਉਹਨਾਂ ਦੀਆਂ ਔਕੁੜਾਂ ਨੂੰ ਆਪਣੀ ਔਕੁੜ ਸਮਝ ਲੈਂਣਾ ਅਤੇ ਉਹਨਾਂ ਲਈ ਦੁਆ ਕਰਨਾ ।

ਇਸ ਥਾਂ ਆਪ ਫ਼ਰਮਾਉਂਦੇ ਹਨ : ਮੈਂ ਸਾਰ੍ਿਆਂ ਮੁਸਲਮਾਨਾ ਅਤੇ ਇਸਾਈਆਂ ਅਤੇ ਹਿੰਦੁਆਂ ਅਤੇ ਆਰਿਆਂ ਉਪੱਰ ਇਹ ਗਲ ਜ਼ਾਹਰ ਕਰਦਾ ਹਾਂ ਕਿ ਦੁਨੀਆ ਵਿੱਚ ਮੇਰਾ ਕੋਈ ਦੁਸ਼ਮਣ ਨਹੀਂ ਹੈ । ਮੈਂ ਮਾਨਵਤਾ ਨਾਲ ਅਜਿਹਾ ਪ੍ਰੇਮ ਕਰਦਾ ਹਾਂ ਜਿਵੇਂ ਇਕ ਮਿਹਰਬਾਨ ਮਾਂ ਆਪਣੇ ਬੱਚਿਆਂ ਨਾਲ ਸਗੋਂ ਇਸ ਤੋਂ ਵੀ ਵਧੱਕੇ । ਫ਼ਰਮਾਇਆ ਕਿ ਮੈਂ ਕੇਵਲ ਉਹਨਾਂ ਝੂਠੇ ਅਕੀਦਿਆਂ ਦਾ ਦੁਸ਼ਮਣ ਹਾਂ ਜਿੰਨ੍ਹਾ ਨਾਲ ਸਚੱਾਈ ਦਾ ਖ਼ੂਨ ਹੁੰਦਾ ਹੈ । ਇਨਸਾਨ ਦੀ ਹਮਦਰਦੀ ਮੇਰਾ ਕਰਤਵ ਹੈ ਅਤੇ ਝੂਠ ਅਤੇ ਸ਼ਿਰਕ (ਅਨੇਕ ਈਸ਼ਵਰਵਾਦ) ਅਤੇ ਜ਼ੁਲਮ ਅਤੇ ਹਰ ਇਕ ਕੁਕਰਮ ਅਤੇ ਅਨਿਆਏ ਅਤੇ ਦੁਰਾਚਰਣ ਤੋਂ ਘ੍ਰਿਣਾ ਮੇਰਾ ਉਸੂਲ ਹੈ ।

ਇਹ ਗਲੱਾਂ ਕੇਵਲ ਆਪ ਨੇ ਲਿਖੱਣ ਲਈ ਨਹੀਂ ਲਿੱਖੀਆਂ ਜਾਂ ਕੇਵਲ ਫੋਕਾ ਦਾਵਾ ਨਹੀਂ ਕੀਤਾ ਕਿ ਆਪ ਨੂੰ ਮਨੁਖੱਤਾ ਨਾਲ ਪ੍ਰੇਮ ਹੈ ਅਤੇ ਸਭ ਤੋਂ ਵੱਧ ਪ੍ਰੇਮ ਹੈ । ਇਸ ਦੇ ਕਰਮ ਰੂਪੀ ਪ੍ਰਗਟਾਵੇ ਵੀ ਆਪ ਦੇ ਜੀਵਨ ਵਿੱਚ ਦਿਖਾਈ ਦਿੰਦੇ ਹਨ । ਆਪ ਰੱਬ ਦੀ ਮਖ਼ਲੂਕ ਖ਼ਾਤਰ ਤਾਊਨ (ਪਲੇਗ) ਦੇ ਕਰੋਪ ਤੋਂ ਬਚਾਉ ਲਈ ਦੁਆ ਕਰਦੇ ਸਨ ਕਿ ਇਲਾਹੀ ਜੇਕਰ ਇਹ ਲੋਕ ਤਾਊਨ ਦੇ ਕਰੋਪ ਕਰਕੇ ਹਲਾਕ ਹੋ ਜਾਣਗੇ ਤਾਂ ਫਿਰ ਤੇਰੀ ਇਬਾਦਤ ਕੌਣ ਕਰੇਗਾ । ਜੱਦ ਕਿ ਤਾਊਨ ਆਪ ਦੀ ਸਚੱਾਈ ਦਾ ਚਮਤਕਾਰ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਆਵਾਜ਼ ਵਿੱਚ ਐਨ੍ਹਾ ਦਰਦ ਤੇ ਪੀੜ੍ਹਾ ਸੀ ਕਿ ਸੁਨਣ ਵਾਲਿਆਂ ਦਾ ਪਿਤੱਾ ਪਾਣੀ ਹੁੰਦਾ ਸੀ ।

ਸੋ, ਗ਼ੌਰ ਕਰੋ ਕਿ ਇਕ ਭਵਿੱਖਬਾਣੀ ਅਨੁਸਾਰ ਵਿਰੋਧੀਆਂ ਉਪੱਰ ਇਹ ਕਰੋਪੀ ਪੈ ਰਹੀ ਹੈ ਪਰ ਆਪ ਉਸ ਤੋਂ ਦੂਰ ਹੋਣ ਦੀ ਦੁਆ ਕਰ ਰਹੇ ਹਨ । ਮੌਲਵੀ ਮੁਹਮੱਦ ਹੁਸੈਨ ਬਟਾਲਵੀ ਸਾਹਬ ਜਿੰਨ੍ਹਾ ਨੇ ਵਿਰੋਧਤਾ ਦੀ ਅਤਿ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਕੁਫ਼ਰ ਦਾ ਫ਼ਤਵਾ ਲਾਇਆ ਅਤੇ ਦਜੱਾਲ ਤੇ ਕੁਰਾਹੀਆ ਕਰਾਰ ਦਿਤੱਾ, ਨਊਜ਼ਬਿਲੱਾਹ । ਸਾਰੇ ਦੇਸ਼ ਵਿੱਚ ਆਪ ਦੇ ਵਿਰੁਧ ਨਫ਼ਰਤ ਤੇ ਵੈਰ ਦੀ ਅੱਗ ਭੜਕਾਈ । ਪਰ ਇਕ ਮੁਕਦੱਮੇ ਵਿੱਚ ਜੱਦ ਆਪ ਦੇ ਵਕੀਲ ਨੇ ਮੁਹਮੱਦ ਹੁਸੈਨ ਦੇ ਪਰਿਵਾਰ ਬਾਰੇ ਕੁਝ ਮਿਹਣੇ ਭਰੇ ਪ੍ਰਸ਼ਨ ਕਰਨੇ ਚਾਹੇ ਤਾਂ ਆਪ ਅਲੈਹਿ ਸਲਾਮ ਨੇ ਸਖ਼ਤੀ ਨਾਲ ਰੋਕ ਦਿਤੱਾ । ਵਕੀਲ ਮੌਲਵੀ ਫ਼ਜ਼ਲਦੀਨ ਸਾਹਬ ਜੋ ਕਿ ਅਹਮਦੀ ਨਹੀਂ ਸਨ ਉਹ ਕਿਹਾ ਕਰਦੇ ਸਨ ਕਿ ਮਿਰਜ਼ਾ ਸਾਹਬ ਅਜੀਬ ਇਨਸਾਨ ਹਨ ਅਦਭੁੱਤ ਆਚਰਣ ਦੇ ਮਾਲਕ ਹਨ ਕਿ ਇਕ ਵਿਅਕਤੀ ਉਹਨਾਂ ਦੀ ਇਜ਼ੱਤ, ਸਨਮਾਨ ਤੇ ਜਾਨ ਉਪੱਰ ਹਮਲਾ ਕਰਦਾ ਹੈ ਅਤੇ ਉਸ ਦੇ ਉਤੱਰ ਵਿੱਚ ਜੱਦ ਉਸ ਦੀ ਗਵਾਹੀ ਨੂੰ ਕਮਜ਼ੋਰ ਕਰਨ ਲਈ ਕੁਝ ਪ੍ਰਸ਼ਨ ਕੀਤੇ ਜਾਂਦੇ ਹਨ ਤਾਂ ਇਹ ਝੱਟ ਰੋਕ ਦਿੰਦੇ ਹਨ ਕਿ ਮੈਂ ਅਜਿਹੇ ਪ੍ਰਸ਼ਨਾ ਦੀ ਆਗਿਆ ਨਹੀਂ ਦਿੰਦਾ ।

ਇਉਂ ਇਹ ਤਾਂ ਇਕ ਉਧਾਰਣ ਹੈ, ਆਪ ਦੇ ਮਿਸ਼ਨ ਨੂੰ ਖ਼ਤਮ ਕਰਨ ਲਈ ਅਨੇਕਾਂ ਹੀ ਮੁਸਲਮਾਨ ਓਲਮਾ ਨੇ ਜਤਨ ਕੀਤੇ ਅਸੰਖ ਅਖੌਤੀ ਓਲਮਾਵਾਂ ਨੇ ਆਪਦੀ ਵਿਰੋਧਤਾ ਕੀਤੀ ਆਪ ਉਪੱਰ ਕੁਫ਼ਰ ਦੇ ਫ਼ਤਵੇ ਲਾਏ ਅਤੇ ਹੁਣ ਤੱਕ ਲਾਉਂਦੇ ਜਾ ਰਹੇ ਹਨ । ਇਸ ਦਾ ਸਿਟੱਾ ਹੈ ਕਿ ਦੁਨੀਆ ਦੇ ਵੱਖ ਵੱਖ ਮੁਸਲਮਾਨ ਦੇਸ਼ਾਂ ਵਿੱਚ ਸਾਡੀ ਵਿਰੋਧਤਾ ਹੁੰਦੀ ਹੈ । ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿੱਖਿਆ ਦਾ ਸਾਡੇ ਉਪੱਰ ਪ੍ਰਭਾਵ ਹੈ ਕਿ ਅੱਜ ਵੀ ਅਸੀਂ ਇਹਨਾਂ ਵਿਰੋਧੀਆਂ ਦੇ ਉਤੱਰ ਵਿੱਚ ਆਚਰਣਕ ਮਾਪਦੰਡਾ ਨੂੰ ਨਹੀਂ ਛਡੱਦੇ ਅਤੇ ਕਾਨੂਨ ਨੂੰ ਵੀ ਆਪਣੇ ਹੱਥਾਂ ਵਿੱਚ ਨਹੀਂ ਲੈਂਦੇ । ਕਾਸ਼ ਇਹਨਾਂ ਲੋਕਾਂ ਨੂੰ ਸਮਝ ਆ ਜਾਵੇ ਕਿ ਇਸ ਯੁੱਗ ਦੇ ਆਦੇਸ਼ਕ, ਨਿਆਂਕਾਰ, ਮਸੀਹ ਤੇ ਮਹਦੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਹੀ ਹਨ ਅਤੇ ਇਸਲਾਮ ਦੇ ਪ੍ਰਸਾਰ ਤੇ ਤੌਹੀਦ ਦੀ ਸਥਾਪਨਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਹਕੀਕੀ ਹੁਕੂਮਤ ਜੋ ਦਿਲਾਂ ਵਿੱਚ ਕਾਇਮ ਹੋਣੀ ਹੈ ਧਰਤੀ ਉਪੱਰ ਨਹੀਂ ਦਿਲਾਂ ਉਪੱਰ ਕਾਇਮ ਹੋਣੀ ਹੈ ਉਹ ਮਸੀਹ ਮੌਊਦ ਰਾਹੀਂ ਹੀ ਕਾਇਮ ਹੋਰੀ ਹੈ ਅਤੇ ਆਪ ਰਾਹੀਂ ਹੀ ਕਾਇਮ ਹੋਣੀ ਹੈ ਨ ਕਿਸੇ ਤਲਵਾਰ ਜਾਂ ਬੰਦੂਕ ਜਾਂ ਸ਼ਕਤੀ ਰਾਹੀਂ ਜਾਂ ਦਹਿਸ਼ਤ ਫ਼ੈਲਾਉਣ ਨਾਲ ਅਤੇ ਇਸਲਾਮ ਦੇ ਨਾਂ'ਤੇ ਮਜ਼ਲੂਮਾਂ ਨੂੰ ਮਾਰ ਮੁਕਾਉਣ ਨਾਲ ।

ਸੋ, ਅਜਿਹੇ ਸਮੇਂ ਅਸੀਂ ਅਹਮਦੀਆਂ ਦਾ ਕੰਮ ਹੈ ਜਿਵੇਂ ਕਿ ਮੈਂ ਪਹਿਲਾਂ ਵੀ ਕਹਿੰਦਾ ਰਿਹਾ ਹਾਂ ਅਤੇ ਅਧਿਕਤਰ ਕਹਿੰਦਾ ਰਹਿੰਦਾ ਹਾਂ ਕਿ ਇਸਲਾਮ ਦੀ ਸੁੰਦਰਤਾ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰੋ, ਜਿੱਥੋਂ ਤੱਕ ਅਹਮਦੀਅਤ ਦੀ ਵਿਰੋਧਤਾ ਦਾ ਸੰਬੰਧ ਹੈ ਇਹ ਅਹਮਦੀਅਤ ਦਾ ਕੁਝ ਵੀ ਵਿਗਾੜ ਨਹੀਂ ਸਕਦੇ । ਹਜ਼ਰਤ ਮਸੀਹ ਮੌਊਦ ਅਲੈਹ ਸਲਾਮ ਨੂੰ ਰੱਬ ਨੇ ਭੇਜਿਆ ਹੈ ਇਸ ਲਈ ਹੀ ਭੇਜਿਆ ਹੈ ਕਿ ਆਪ ਨੂੰ ਸਫ਼ਲ ਕਰਨਾ ਹੈ ਅਤੇ ਇਹ ਹੁਣ ਆਪ ਰਾਹੀਂ ਹੀ ਫੈਲਣਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਤਾਂ ਇਕ ਬੀਜਾਰੋਪਣ ਕਰਨ ਆਇਆ ਹਾਂ, ਸੋ, ਉਹ ਬੀਜ ਮੇਰੇ ਹੱਥੀਂ ਬੀਜਿਆ ਗਿਆ ਅਤੇ ਹੁਣ ਉਹ ਵਧੇਗਾ ਫੁੱਲੇਗਾ ਅਤੇ ਕੋਈ ਨਹੀਂ ਜੋ ਇਸ ਨੂੰ ਰੋਕ ਸਕੇ । ਰੱਬ ਦੇ ਮਸੀਹ ਦਾ ਲਾਇਆ ਹੋਇਆ ਇਹ ਬੀਜ ਰੱਬ ਦੀ ਮਿਹਰ ਨਾਲ ਫਲ ਫੁੱਲ ਰਿਹਾ ਹੈ ਅਤੇ ਵੱਧ ਰਿਹਾ ਹੈ । ਜੇਕਰ ਅਸੀਂ ਇਸ ਦੀਆਂ ਹਰੀਆਂ ਭਰੀਆਂ ਟਾਹਣੀਆਂ ਬਨਣਾ ਹੈ ਤਾਂ ਸਾਡਾ ਕੰਮ ਹੈ ਅਸੀਂ ਰੱਬ ਦੇ ਪ੍ਰੇਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਅਤੇ ਆਪਣੇ ਕਰਮਾਂ ਅਤੇ ਮਨੁੱਖਾਂ ਨਾਲ ਹਮਦਰਦੀ ਅਤੇ ਪ੍ਰੇਮ ਨੂੰ ਇਸ ਪ੍ਰਕਾਰ ਬਣਾਈਏ ਕਿ ਸਾਡੇ ਸਾਰੇ ਕਰਮਾ ਤੋਂ ਇਹ ਦਿਖਾਈ ਦੇਵੇ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**KhulasaKhutbaJumma24.03.2017**
Delivered By : HadhratKhalifatulMasih Vth (atba)
Summarized by : MajlisAnsarullah Bharat
Tarnslated by : Shamshad Ahmad Eden, from Punjabi Desk
From :NazaratNashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131